# ਢੋਲ ਢਮੱਕਾ ( ਸ.ਲਾਲ ਸਿੰਘ ਕਮਲਾ ਅਕਾਲੀ) ਜਮਾਤ:9ਵੀ



## ਪ੍ਰਸ਼ਨ 1. ਢੋਲ ਢਮੱਕਾ ਨਿਬੰਧ ਦਾ ਸਾਰ ਲਿਖੋ।

ਉੱਤਰ: ਢੋਲ ਢਮੱਕਾ ਨਿਬੰਧ ਵਾਰਤਕਕਾਰ ਸ. ਲਾਲ ਸਿੰਘ ਕਮਲਾ ਅਕਾਲੀ ਦੁਆਰਾ ਲਿਖਿਆ ਗਿਆ ਹੈ। ਉਹਨਾਂ ਨੇ ਆਪਣੀ ਹਰ ਵਾਰਤਕ ਰਚਨਾ ਜੀਵਨ ਨਾਲ ਸੰਬੰਧਿਤ ਵਿਸ਼ਿਆ ਨੂੰ ਅਧਾਰ ਬਣਾ ਕੇ ਕੀਤੀ ਹੈ। ਢੋਲ ਢਮੱਕਾ ਨਿਬੰਧ ਵੀ ਜੀਵਨ ਦਾ ਅਨੁਭਵ ਪੇਸ਼ ਕਰਦਾ ਨਿਬੰਧ ਹੈ। ਜਿਸ ਦਾ ਮੁੱਖ ਵਿਸ਼ਾ ਰੌਲ਼ਾ-ਰੱਪਾ ਹੈ। ਲੇਖਕ ਨੇ ਬਹੁਤ ਸਧਾਰਨ ਤੇ ਸਾਦਾ ਢੰਗ ਨਾਲ ਸਧਾਰਨ ਭਾਸ਼ਾ ਰਾਹੀਂ ਵਿਸ਼ੇ ਦੀ ਪੇਸ਼ਕਾਰੀ ਕੀਤੀ ਹੈ। ਉਹਨਾਂ ਦੀਆਂ ਪ੍ਰਮੁੱਖ ਰਚਨਾਵਾਂ 'ਮੇਰਾ ਵਲਾਇਤੀ ਸਫ਼ਰਨਾਮਾ' 'ਮੌਤ ਰਾਣੀ ਦਾ ਘੁੰਡ' 'ਜੀਵਨ ਨੀਤੀ' ਅਤੇ 'ਮਨ ਦੀ ਮੌਜ' ਆਦਿ ਹਨ।

ਲੇਖਕ ਨੇ ਨਿਬੰਧ ਦੀ ਸ਼ੁਰੂਆਤ ਕਰਦਿਆਂ ਲਿਖਿਆ ਹੈ ਕਿ ਦੁਨੀਆ ਵਿਚ ਅਜਿਹੇ ਲੋਕ ਬਹੁਤ ਹਨ ਜਿਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦੀ ਸ਼ਾਂਤੀ ਦੀ ਪਰਵਾਹ ਨਹੀਂ ਹੁੰਦੀ ਤੇ ਉਹ ਖ਼ੂਬ ਰੌਲਾ ਪਾਉਂਦੇ ਹਨ, ਲੋਕਾਂ ਨੂੰ ਉੱਲੂ ਬਣਾ ਕੇ ਆਪਣਾ ਮਾਲ ਵੇਚਦੇ, ਚੋਣਾਂ ਜਿੱਤਦੇ ਅਤੇ ਆਪਣਾ ਮਕਸਦ ਪੂਰਾ ਕਰਦੇ ਹਨ,ਜਿਸ ਦੀ ਉਦਾਹਰਣ ਲੇਖਕ ਨੇ ਜਰਮਨ ਦੁਆਰਾ ਓਸਲੋ ਸ਼ਹਿਰ ਤੇ ਜਿੱਤ ਪ੍ਰਾਪਤ ਕਰਨ ਦੀ ਦਿੱਤੀ ਹੈ ਕਿ ਕਿਸ ਤਰ੍ਹਾਂ ਜਰਮਨੀ ਫੌਜ ਬੈਂਡ-ਵਾਜਾ ਲੈ ਕੇ ਨਾਰਵੇ ਦੇ ਸ਼ਹਿਰ ਓਸਲੋ ਦਾਖਲ ਹੋਈ, ਲੋਕ ਘਰਾਂ ਤੋਂ ਬਾਹਰ ਆ ਕੇ ਬੈਂਡ-ਵਾਜੇ ਦਾ ਅਨੰਦ ਲੈਣ ਲੱਗੇ 'ਤੇ ਜਰਮਨ ਨੇ ਬਿਨਾਂ ਗੋਲ਼ੀ ਚਲਾਏ ਸ਼ਹਿਰ ਤੇ ਕਬਜ਼ਾ ਕਰ ਲਿਆ।

ਲੇਖਕ ਨੇ ਜਾਨਵਰਾਂ ਦੇ ਮੁਕਾਬਲੇ ਮਨੁੱਖ ਦੀ ਭੈੜੀ ਬਿਰਤੀ ਤੇ ਵੀ ਵਿਅੰਗ ਕੀਤਾ ਹੈ ਕਿ ਜਾਨਵਰਾਂ ਵਰਗੇ ਤਿੱਖੇ ਨੋਕਦਾਰ ਸਿੰਗ ਜਾਂ ਨਹੁੰਦਰਾ ਮਨੁੱਖ ਦੇ ਨਹੀਂ ਹਨ ਪਰ ਉਹ ਇਸ ਦੀ ਜਗ੍ਹਾ ਫਰੇਬ ਦੀ ਨੀਤੀ ਅਪਣਾਉਂਦਾ ਹੈ,ਜਿਸ ਲਈ ਉਹ ਸੁਰੀਲੀ ਅਵਾਜ਼, ਲੈਕਚਰ ਅਤੇ ਉੱਚੀ ਬੋਲਣ ਵਰਗੇ ਹਥਿਆਰ ਵਰਤਦਾ ਹੈ ।ਇਹ ਸਭ ਕਰਨ ਵਾਲਾ ਸੱਭਿਅਕ ਕਹਾਉਂਦਾ ਹੈ ਤੇ ਨਾ ਕਰਨ ਵਾਲਾ ਅਸੱਭਿਅਕ ਕਹਾਉਂਦਾ ਹੈ।

ਹਿੰਦੁਸਤਾਨ ਦੀ ਗੱਲ ਕਰਦੇ ਲੇਖਕ ਦੱਸਦਾ ਹੈ ਕਿ ਇਹ ਸਾਡੇ ਦੇਸ਼ ਵਿਚ ਵਿੰਗੇ-ਟੇਢੇ ਰਾਹ ਘੱਟ ਪਰ ਸੰਘ ਪਾੜਨ ਵਾਲੇ ਸੌਖੇ ਤਰੀਕੇ ਵੱਧ ਵਰਤੇ ਜਾਂਦੇ ਹਨ। ਸੰਘ ਪਾੜ ਕੇ ਸਾਰੇ ਲੋਕ ਇਕੱਠੇ ਕਰ ਕੇ ਆਪਣੇ ਵੱਲ ਖਿੱਚ ਲਏ ਜਾਂਦੇ ਹਨ। ਸਵੇਰ ਤੋਂ ਸਮਾਨ ਵੇਚਣ ਵਾਲੇ ਅਤੇ ਸਿਨੇਮਾ ਦੀ ਮਸ਼ਹੂਰੀ ਕਰਨ ਵਾਲੇ ਤੇ ਸ਼ਾਮ ਤੱਕ ਗਲਿਆ- ਸੜਿਆ ਮਾਲ ਵੇਚਣ

ਵਾਲਿਆਂ ਨਾਲ ਸੜਕ ਭਰੀ ਰਹਿੰਦੀ ਹੈ। ਲੇਖਕ ਨੇ ਰੌਲਾ ਵਧਣ ਦਾ ਕਾਰਨ ਵੀ ਬੜਾ ਸਹੀ ਦੱਸਿਆ ਹੈ ਕਿ ਜਦੋਂ ਦੀ ਦੇਸ਼ ਨੂੰ ਅਜ਼ਾਦੀ ਮਿਲੀ ਹੈ ਹਰ ਕਿਸੇ ਨੂੰ ਰੌਲਾ ਪਾਉਣ ਦੀ ਵੀ ਅਜ਼ਾਦੀ ਮਿਲ ਗਈ ਲੱਗਦੀ ਹੈ।

ਲੇਖਕ ਅੰਤ ਵਿਚ ਦੱਸਦਾ ਹੈ ਕਿ ਦੇਸ਼ ਦੀ ਇਹੋ ਜਿਹੀ ਹਾਲਤ ਹੀ ਰਹੀ ਤਾਂ ਸਾਡੀ ਸੁਣਨ ਸੂਖ਼-ਮਤਾ ਜਾਂਦੀ ਰਹੇਗੀ ਕਿਉਂਕਿ ਸ਼ਾਂਤੀ ਹੀ ਸੁਣਨ ਸੂਖ਼ਮਤਾ ਨੂੰ ਤੇਜ਼ ਕਰਦੀ ਹੈ ਜਿਵੇਂ ਜਾਨਵਰ ਸੁਣਨ ਅਤੇ ਸੁੰਘਣ ਦੀ ਸ਼ਕਤੀ ਜ਼ਿਆਦਾ ਰੱਖਦੇ ਹਨ ਕਿਉਂਕਿ ਉਹ ਚੁੱਪ ਸ਼ਾਂਤ ਮਾਹੌਲ ਵਿੱਚ ਰਹਿੰਦੇ ਹਨ 'ਤੇ ਅਸੀਂ ਢੋਲ ਢਮੱਕੇ ਦੇ ਰੌਲੇ ਵਿਚ ਰਹਿ ਕੇ ਖੁਰਦਰੇ ਬਣਦੇ ਜਾ ਰਹੇ ਹਾਂ।

## ਪ੍ਰਸ਼ਨ 2) 'ਢੋਲ ਢਮੱਕਾ' ਲੇਖ ਅਨੁਸਾਰ ਜਰਮਨ ਨੇ ਨਾਰਵੇ ਦੇ ਸ਼ਹਿਰ ਓਸਲੋ ਨੂੰ ਕਿਸ ਉਸਤਾਦੀ ਨਾਲ ਮੱਲਿਆ ?

**ਉੱਤਰ**: ਜਰਮਨ ਨੇ ਨਾਰਵੇ ਦੇ ਸ਼ਹਿਰ ਓਸਲੋ ਨੂੰ ਬੜੀ ਉਸਤਾਦੀ ਨਾਲ ਮੱਲਿਆ। ਜਹਾਜ਼ ਤੋਂ ਉੱਤਰਦਿਆਂ ਉਹਨਾਂ ਨੇ ਆਪਣੇ ਅੱਗੇ ਪੰਝੀ-ਤੀਹ ਆਦਮੀ ਬੈਂਡ-ਵਾਜਾ ਵਜਾਉਣ ਲਾ ਲਏ 'ਤੇ ਪਿੱਛੇ ਸਿਪਾਹੀ ਪਰੇਡ ਵਾਂਗ ਮਾਰਚ ਕਰਦੇ ਹੋਏ ਓਸਲੋ ਬੰਦਰਗਾਹ 'ਤੇ ਤੁਰ ਪਏ। ਇਹ ਸਭ ਦੇਖ ਲੋਕੀ ਘਰਾਂ ਤੋਂ ਬਾਹਰ ਆ ਕੇ ਤਮਾਸ਼ਾ ਦੇਖਣ ਤੇ ਬੈਂਡ -ਵਾਜੇ ਦੀਆਂ ਸੁਰਾਂ ਦਾ ਅਨੰਦ ਮਾਣਨ ਲੱਗੇ। ਫੌਜ ਬੈਂਡ-ਵਾਜਾ ਵਜਾਉਂਦੀ ਸ਼ਹਿਰ ਵਿੱਚ ਵੜ ਗਈ। ਜਰਮਨ ਨੇ ਬਿਨਾਂ ਗੋਲ਼ੀ ਚਲਾਏ ਸ਼ਹਿਰ ਤੇ ਕਬਜ਼ਾ ਕਰ ਲਿਆ।

## ਪ੍ਰਸ਼ਨ 3) ਦੁਨੀਆ ਦਾ ਉਲਟਾਪਨ ਕੀ ਹੈ ?

**ਉੱਤਰ:-** ਦੁਨੀਆ ਦਾ ਉਲਟਾਪਨ ਇਹ ਹੈ ਕਿ ਜਿਹੜਾ ਫਰੇਬ ਨਾਲ ਦੂਜੇ ਨੂੰ ਕਾਬੂ ਕਰੇ ਉਹ ਸੱਭਿਅਕ ਹੈ। ਜਿਹੜਾ ਹੇਰ-ਫੇਰ ਵਾਲੀਆਂ ਗੱਲਾਂ ਬਾਤਾਂ ਨਾ ਕਰੇ ਸਿੱਧੀ ਮਤਲਬ ਦੀ ਗੱਲ ਕਰੇ ਉਹ ਪਸ਼ੂ ਬਿਰਤੀ ਵਾਲਾ ਅਤੇ ਅਸੱਭਿਅਕ ਅਖਵਾਉਂਦਾ ਹੈ।

**ਪ੍ਰਸ਼ਨ 4) 'ਢੋਲ ਢਮੱਕਾ' ਨਿਬੰਧ ਅਨੁਸਾਰ ਦੂਜਿਆਂ ਨੂੰ ਕਮਲੇ ਕਰਨ ਦੇ ਕੀ-ਕੀ ਢੰਗ ਵਰਤੇ ਜਾਂਦੇ ਹਨ ?**

**ਉੱਤਰ**:- ਦੂਜਿਆਂ ਨੂੰ ਕਮਲੇ ਕਰਨ ਲਈ ਮਨੁੱਖ ਫਰੇਬ ਅਤੇ ਖੋਟੇਪਨ ਦੀ ਨੀਤੀ ਅਪਣਾਉਂਦਾ ਹੈ,ਆਪਣੇ ਵਿਰੋਧੀ ਪ੍ਰਤੀ ਨਾ ਦਿਸਣ ਵਾਲੇ ਹਥਿਆਰ ਵਰਤਦਾ ਹੈ; ਜਿਵੇਂ:- ਸੁਰੀਲੀ ਅਵਾਜ਼, ਲੈਕਚਰ ਤੇ ਉੱਚੀ ਅਵਾਜ਼। ਸਭ ਤੋਂ ਵੱਡਾ ਢੰਗ ਸੰਘ ਪਾੜਨ ਦਾ ਹੀ ਵਰਤਿਆ ਜਾਂਦਾ ਹੈ।

**ਪ੍ਰਸ਼ਨ 5) ਲੇਖਕ ਨੇ ਬਜ਼ਾਰਾਂ ਵਿੱਚ ਪੈਂਦੇ ਰੌਲੇ ਦੀ ਤੁਲਨਾ ਕਿੰਨ੍ਹਾ-ਕਿੰਨ੍ਹਾ ਪ੍ਰਤੀਕਾਂ ਨਾਲ ਕੀਤੀ ਹੈ?**

**ਉੱਤਰ** :- ਲੇਖਕ ਨੇ ਬਜ਼ਾਰਾਂ ਵਿੱਚ ਪੈਂਦੇ ਰੌਲੇ ਦੀ ਤੁਲਨਾ ਹਵਾਂਕਦੇ ਗਿੱਦੜਾਂ, ਚਿੜੀਆ-ਘਰਾਂ ਦੇ ਭਾਂਤ-ਭਾਂਤ ਦੇ ਜਾਨਵਰਾ ਦੀਆਂ ਅਵਾਜ਼ਾ ਅਤੇ ਕਾਂਵਾ ਦੀ ਕਾਏਂ ਕਾਏਂ ਦੇ ਪ੍ਰਤੀਕਾਂ ਨਾਲ ਕੀਤੀ ਹੈ।

**ਪ੍ਰਸ਼ਨ 6) ਜੰਗਲ ਦੇ ਜਾਨਵਰ ਨੰਗੇ ਪੈਰਾਂ ਦੀ ਆਹਟ ਦੂਰੋਂ ਕਿਉਂ ਸੁਣ ਲੈਂਦੇ ਹਨ ?**

**ਉੱਤਰ**:- ਜੰਗਲ ਦੇ ਜਾਨਵਰ ਦੂਰੋਂ ਨੰਗੇ ਪੈਰਾਂ ਦੀ ਆਹਟ ਇਸ ਲਈ ਸੁਣ ਲੈਂਦੇ ਹਨ ਕਿਉਂਕਿ ਉਹ ਕੁਦਰਤ ਦੇ ਸ਼ਾਂਤ ਵਾਤਾਵਰਣ ਵਿੱਚ, ਏਕਾਂਤ ਵਿੱਚ ਅਤੇ ਕੁਦਰਤ ਦੀ ਚੁੱਪ ਵਿਚ ਰਹਿੰਦੇ ਹਨ ਜਿਸ ਕਰਕੇ ਉਨ੍ਹਾਂ ਦੀ ਸੁਣਨ ਸ਼ਕਤੀ ਬਹੁਤ ਸੂਖ਼ਮ ਹੋ ਜਾਂਦੀ ਹੈ ।

## ਵਸਤੁਨਿਸ਼ਠ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1) 'ਢੋਲ ਢਮੱਕਾ' ਕਹਾਣੀ ਹੈ ਜਾਂ ਨਿਬੰਧ ਹੈ?

ਉੱਤਰ: ਨਿਬੰਧ ।

ਪ੍ਰਸ਼ਨ 2) 'ਢੋਲ ਢਮੱਕਾ' ਨਿਬੰਧ ਦਾ ਲੇਖਕ ਕੌਣ ਹੈ?

ਉੱਤਰ : ਸ. ਲਾਲ ਸਿੰਘ ਕਮਲਾ ਅਕਾਲੀ ।

ਪ੍ਰਸ਼ਨ 3) ਕਿਸ ਖੇਡ ਵਿੱਚ ਸਫ਼ਲ ਹੋਣ ਤੇ ਦੁਨੀਆ ਇਨਸਾਨ ਨੂੰ ਮੋਢਿਆਂ ਤੇ ਚੁੱਕ ਲੈਂਦੀ ਹੈ?

ਉੱਤਰ : ਦੂਜਿਆਂ ਨੂੰ ਉੱਲੂ ਬਣਾਉਣ ਵਾਲੀ ਖੇਡ।

ਪ੍ਰਸ਼ਨ 4)ਕਿਸ ਦੇਸ਼ ਨੇ ਜੰਗ ਵਿੱਚ ਪਹਿਲੇ ਹਮਲੇ ਨਾਲ ਹੀ ਫਰਾਂਸ ਤੇ ਬੈਲਜੀਅਮ ਨੂੰ ਹਰਾਇਆ ਸੀ ?

ਉੱਤਰ : ਜਰਮਨ ਨੇ ।

ਪ੍ਰਸ਼ਨ 5) ਜਰਮਨ ਨੇ ਕਿਹੜੇ ਸ਼ਹਿਰ ਉੱਤੇ ਕਬਜ਼ਾ ਕੀਤਾ ਸੀ?

ਉੱਤਰ: ਓਸਲੋ ਸ਼ਹਿਰ ਉੱਤੇ।

ਪ੍ਰਸ਼ਨ 6) ਕੌਣ ਫਰੇਬ ਦੀ ਨੀਤੀ ਨਾਲ ਦੂਜਿਆਂ ਨੂੰ ਅਧੀਨ ਕਰਨਾ ਚਾਹੁੰਦਾ ਹੈ?

ਉੱਤਰ : ਮਨੁੱਖ ।

ਪ੍ਰਸ਼ਨ 7) ਲੇਖਕ ਅਨੁਸਾਰ ਕਿਹੜੀਆਂ ਚੀਜ਼ਾਂ ਇੱਕ ਥਾਂ ਇਕੱਠੀਆਂ ਨਹੀਂ ਹੋ ਸਕਦੀਆਂ ?

ਉੱਤਰ: ਰੌਲਾ ਅਤੇ ਸਮਝ ਇੱਕ ਥਾਂ ਇਕੱਠੀਆਂ ਨਹੀਂ ਹੋ ਸਕਦੀਆਂ।

ਪ੍ਰਸ਼ਨ 8) ਲੇਖਕ ਅਨੁਸਾਰ ਅਸੀਂ ਰੌਲੇ ਰੱਪੇ ਨਾਲ ਕੀ ਗੁਆ ਬੈਠਾਂਗੇ ?

ਉੱਤਰ: ਸੁਣਨ ਸ਼ਕਤੀ ਦੀ ਸੂਖ਼ਮਤਾ।

**ਤਿਆਰ ਕਰਤਾ: ਸ਼ੈਲਜਾ ਬੰਗੇ**

**ਸ. ਕੰ. ਸ. ਸ.ਸ.ਸਮਰਾਏ, ਜਿਲ੍ਹਾ: ਜਲੰਧਰ**